**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥੋਰਿਟੀ, ਪੰਜਾਬ**
**ਐਸ.ਸੀ.ਓ. ਨੰ : 104-106, ਦੂਜੀ ਮੰਜ਼ਿਲ, ਸੈਕਟਰ-34 ਏ, ਚੰਡੀਗੜ੍ਹ**

**ਵੱਲ**

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) (ਵੈਬ ਸਾਇਟ ਰਾਹੀਂ)
ਪੰਜਾਬ

**ਮੀਮੋ ਨੰ:ਸਸਅ/ਟੀ.ਟੀ/2011/88634**
**ਮਿਤੀ,ਚੰਡੀਗੜ੍ਹ:13.10.2011**

**ਵਿਸ਼ਾ:- ਸਾਲ 2011-12 ਦੇ ਸਰੀਰਕ ਸਿੱਖਿਆ ਅਤੇ ਸਮਾਜਿਕ ਸਿੱਖਿਆ ਵਿਸ਼ੇ ਦੇ ਰਿਸੋਰਸ ਪਰਸਨਜ਼ ਦੀ ਟ੍ਰੇਨਿੰਗ ਸਬੰਧੀ।**

**1.0** ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਮੁੱਖ ਦਫ਼ਤਰ ਵਲੋਂ ਸਾਲ 2011-12 ਦੀਆਂ ਅੱਪਰ ਪ੍ਰਾਇਮਰੀ ਅਧਿਆਪਕਾਂ ਦੀਆਂ ਵਿਸ਼ਾਵਾਰ ਟ੍ਰੇਨਿੰਗਜ਼ ਦੇ ਸਰੀਰਕ ਸਿੱਖਿਆ ਅਤੇ ਸਮਾਜਿਕ ਸਿੱਖਿਆ ਵਿਸ਼ੇ ਦੇ ਰਿਸੋਰਸ ਪਰਸਨਜ਼ ਦੀ ਇੱਕ ਰੋਜ਼ਾ ਟ੍ਰੇਨਿੰਗ ਕਰਵਾਈ ਜਾ ਰਹੀ ਹੈ।

**2.0** ਇਹ ਟ੍ਰੇਨਿੰਗ ਸਰੀਰਕ ਸਿੱਖਿਆ ਵਿਸ਼ੇ ਦੇ ਰਿਸੋਰਸ ਪਰਸਨਜ਼ ਨੂੰ ਮਿਤੀ:20.10.11 ਨੂੰ ਅਤੇ ਸਮਾਜਿਕ ਸਿੱਖਿਆ ਵਿਸ਼ੇ ਦੇ ਰਿਸੋਰਸ ਪਰਸਨਜ਼ ਨੂੰ ਮਿਤੀ:21.10.11 ਨੂੰ ਪੰਜਾਬ ਸਕੂਲ ਸਿੱਖਿਆ ਬੋਰਡ,ਐਸ.ਏ.ਐਸ ਨਗਰ ਦੇ ਆਡੀਟੋਰੀਅਮ ਵਿਖੇ ਸਵੇਰੇ 9.00 ਵਜੇ ਤੋਂ ਸ਼ਾਮ 4.00 ਵਜੇ ਤੱਕ ਕਰਵਾਈ ਜਾਣੀ ਹੈ।

**3.0** ਆਪ ਵਲੋਂ ਆਪ ਦੇ ਜ਼ਿਲ੍ਹੇ ਦੇ, ਸਬੰਧਤ ਪ੍ਰਿੰਸੀਪਲ GISTC/DIET ਦੀ ਮਦਦ ਨਾਲ, ਸਰੀਰਕ ਸਿੱਖਿਆ ਵਿਸ਼ੇ ਦੇ ਰਿਸੋਰਸ ਪਰਸਨਜ਼ ਦੀ ਚੋਣ ਕੀਤੀ ਜਾਵੇਗੀ।ਸਮਾਜਿਕ ਸਿੱਖਿਆ ਵਿਸ਼ੇ ਦੇ ਰਿਸੋਰਸ ਪਰਸਨਜ਼ EPDCs ਅਤੇ EMTs ਹੀ ਹੋਣਗੇ। ਉਪਰੋਕਤ ਮਿਤੀਆਂ ਨੂੰ ਦੋਹਾਂ ਵਿਸ਼ਿਆਂ ਦੇ ਰਿਸੋਰਸ ਪਰਸਨਜ਼ ਨੂੰ ਟ੍ਰੇਨਿੰਗ ਸਥਾਨ ਤੇ ਪੁੱਜਣ ਹਿੱਤ ਸੂਚਿਤ ਕੀਤਾ ਜਾਵੇ।

**4.0** ਰਿਸੋਰਸ ਪਰਸਨਜ਼ ਦਾ ਬਣਦਾ ਟੀ.ਏ (ਸਧਾਰਨ ਬੱਸ ਕਿਰਾਇਆ) ਅਤੇ ਡੀ.ਏ ਵਾਪਸ ਪੁੱਜਣ ਤੇ ਸਬੰਧਤ ਪ੍ਰਿੰਸੀਪਲ GISTC/DIET ਵਲੋਂ ਅਦਾ ਕੀਤਾ ਜਾਵੇਗਾ।

**5.0** ਉਪਰੋਕਤ ਟ੍ਰੇਨਿੰਗ ਤੇ ਆਉਣ ਵਾਲਾ ਸਾਰਾ ਖਰਚਾ ਐਸ.ਐਸ.ਏ ਦੇ ਨਿਯਮਾ ਅਨੁਸਾਰ ਮੱਦ (6.05) ਟੀਚਰ ਟ੍ਰੇਨਿੰਗ ਫੰਡ ਵਿੱਚੋ ਕੀਤਾ ਜਾਵੇਗਾ।

**6.0** ਟ੍ਰੇਨਿੰਗ ਦੌਰਾਨ ਰਿਸੋਰਸ ਪਰਸਨਜ਼ ਦੀ ਹਾਜ਼ਰੀ ਯਕੀਨੀ ਬਣਾਈ ਜਾਵੇ ।

**7.0** ਹੁਕਮਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ ।

**ਡਿਪਟੀ ਸਟੇਟ ਪ੍ਰਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥੋਰਿਟੀ,**
**ਪੰਜਾਬ,ਚੰਡੀਗੜ੍ਹ**

**ਪਿਠ ਅੰਕਣ ਨੰ:ਏਐਸਪੀਡੀ/ਟੀ.ਟੀ/2010-11/ਉਕਤ** **ਮਿਤੀ: 13.10.2011**

1. ਸਮੂਹ ਪ੍ਰਿੰਸੀਪਲ GISTCs (ਵੈਬ ਸਾਇਟ ਰਾਹੀਂ)
2. ਸਬੰਧਤ ਪ੍ਰਿੰਸੀਪਲ ਡਾਇਟ ਫਤਿਹਗੜ੍ਹ ਸਾਹਿਬ,ਮਾਨਸਾ,ਮੋਗਾ,ਮੁਕਤਸਰ,ਨਵਾਸ਼ਹਿਰ(ਵੈਬਸਾਇਟ ਰਾਹੀਂ)
3. ਡੀ.ਐਮ.(ਐਮ.ਆਈ ਐਸ) ਸ.ਸ.ਅ ਵੈਬ ਸਾਇਟ ਤੇ ਪਾਉਣ ਲਈ।

**ਡਿਪਟੀ ਸਟੇਟ ਪ੍ਰਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥੋਰਿਟੀ,**
**ਪੰਜਾਬ,ਚੰਡੀਗੜ੍ਹ**